## ਤੁਹਾਡੀ ਜਾਣਕਾਰੀ ਵਾਸਤੇ

- ਸਾਲ ਵਿਚ 365 ਦਿਨ ਖੁਲ੍ਹਦਾ ਹੈ
- ਪੇ-ਡਿਸਪਲੇਅ ਕਾਰ ਪਾਰਕ
  (ਧਿਆਨ ਰਹੇ: 2.0 ਮੀਟਰ ਉਚੱਾ ਫ਼ਾਟਕ ਕਾਰ ਪਾਰਕ ਵਿਚ ਹੈ)
- ਟੋਏਲੈਟ੍ਸ ਯਾਨੀਂ ਪਾਖਾਨੇ ਦੀ ਸੁਵਿਧਾ ਮੌਸਮ ਅਨੁਸਾਰ
  (ਜ਼ਿਆਦਾ ਪੁਛੱਤਾਛ ਵਾਸਤੇ ਕੰਟਰੀ ਪਾਰਕਸ ਔਫ਼ਿਸ ਨੂੰ ਸੰਪਰਕ ਕਰੋ)
- ਰੋਡੋਡੈਨਡਰਨ ਗਾਰਡਨਸ (ਪ੍ਰੀ-ਰੈਸਟੋਰੇਸ਼ਨ/ਤਿਆਰ ਕੀਤਾ )
- ਆਰਬੋਰੇਟਮ
- ਪਿਕਨਿਕ ਵਾਲੇਆਂ ਦਾ ਸਵਾਗਤ ਹੈ ਪਰ ਕਿਰਪਾ ਕਰਕੇ ...

  ...... **ਅਗੱ ਯਾ ਬਾਰ-ਬੀ-ਕਿਯੁ ਨਹੀਂ**

ਕੁੱਤੇਆਂ ਦਾ ਸਵਾਗਤ ਹੈ ਪਰ ਕਿਰਪਾ ਕਰਕੇ ...
... **ਦੂਸਰੇ ਇਸਤੇਮਾਲ ਕਰਨ ਵਾਲੇਆਂ ਦਾ ਖਿਆਲ ਵੀ ਰਖਣਾ**

## ਸ਼ਾਮਲ ਹੋਵੋ

ਬਲੈਕ ਪਾਰਕ ਸਾਲ ਵਿਚ ਕਈ ਤਰ੍ਹਾਂ ਦੀਆਂ ਸਰਗਰਮੀਆਂ ਅਤੇ ਪ੍ਰੋਗਰਾਮ ਦੇ ਇੰਤਜ਼ਾਮ ਕਰਦਾ ਹੈ ਜਿਸ ਵਿਚ ਵੌਲੰਟਿਅਰਿੰਗ ਦੇ ਵੀ ਮੌਕੇ ਮਿਲਦੇ ਹਨ। ਜ਼ਿਆਦਾ ਜਾਣਕਾਰੀ ਵਾਸਤੇ ਯਾ ਸਾਡੀ ਮੇਲਿੰਗ ਲਿਸਟ ਵਿਚ ਸ਼ਾਮਲ ਹੋਣ ਵਾਸਤੇ ਕੰਟਰੀ ਪਾਰਕ ਔਫ਼ਿਸ ਨੂੰ ਸੰਪਰਕ ਕਰੋ।

## ਕਾਰ ਪਾਰਕਿੰਗ

- ਸਵੇਰੇ 08:00 ਤੋਂ ਸ਼ਾਮ ਤਕ ਰੋਜ਼ਾਨਾ
- ਬੰਦ ਹੋਣ ਦਾ ਸਮਾਂ ਮੌਸਮ ਅਨੁਸਾਰ ਬਦਲਦਾ ਹੈ
  ਵੈਬਸਾਈਟ ਤੋ ਯਾ ਔਫ਼ਿਸ ਨੂੰ ਸੰਪਰਕ ਕਰਕੇ ਜਾਣਕਾਰੀ ਲਵੋ .
- ਸਲਾਨਾ ਪਾਰਕਿੰਗ ਪਰਮਿਟ ਮਿਲ ਸਕਦੇ ਹਨ
- ਸਾਰਾ ਸਾਲ ਚਾਰਜ ਹੁੰਦਾ ਹੈ





## ਸੰਪਰਕ

ਬਕ੍ਸ ਕੰਟਰੀ ਪਾਰਕ੍ਸ
ਦ ਕੰਟਰੀ ਸਾਈਡ ਸੈਂਟਰ
ਬਲੈਕ ਪਾਰਕ ਰੋਡ
ਵੈਕਸਹਮ
ਬਕਿੰਗਹਮਸ਼ਾਇਰ
SL3 6DS

| | |
|---|---|
| ਟੈਲੀਫ਼ੋਨ | 01753 511 060 |
| ਫ਼ੈਕਸ | 01753 550 280 |
| ਈਮੇਲ | countryparks@buckscc.gov.uk |
| | langleyproject@buckscc.gov.uk |
| ਵੈਬ | www.buckscc.gov.uk/countryside |


This leaflet is also available in English


Heritage Lottery Fund
Rural Development Service
ENGLISH NATURE
The Countryside Agency Landscape Access Recreation


Punjabi
LP

# LangleyPark

# ਲੈਂਗਲੀ ਪਾਰਕ

## ਕੰਟਰੀ ਪਾਰਕ








Bucks Country Parks
Buckinghamshire County Council

## ਜੀ ਆਇਆਂ ਨੂੰ

### ਸੰਖੇਪ ਵਿਚ ਇਤਹਾਸ

ਲੈਂਗਲੀ ਪਾਰਕ ਦੀ ਪਹਿਲਾਂ ਪਛਾਣ 1202 ਵਿਚ ਹੋਈ ਜਦੋ ਕਿੰਗ ਜੋਨ ਨੇ ਪਾਰਕ ਦੇ ਮਾਲਕ, ਰਿਚਰ੍ਡ ਮਾਉਂਟਫ਼ਿਸ਼ਟ, ਨੂੰ ਇਕ ਸੌ ਹਿਰਨ ਆਪਣੇ ਵਿੰਡਸਰ ਦੇ ਖਜਾਨੇ ਵਿਚੋ ਦਿਤੇ। ਅਗਲੇ ਕੁਝ ਸੋ ਸਾਲਾਂ ਵਿਚ  ਇਤਹਾਸ ਬਾਰੇ ਬਹੁਤ ਘਟ ਜਾਣਕਾਰੀ ਹਾਸਲ ਹੋਈ, ਭਾਵੇਂ ਦਸਦੇ ਹਨ ਕਿ ਹੈਨਰੀ ਸੈਵਨ ਲੈਂਗਲੀ ਵਿਚ ਕੁਝ ਸਮਾਂ ਰਿਹਾ ਸੀ ਅਤੇ ਪਹਿਲਾ ਰੇਂਜਰ, ਜੋਨ ਕੇਡਰਮਿਨ੍ਸਟਰ 1547 ਵਿਚ ਨਿਯੁਕਤ ਹੋਇਆ ਸੀ

ਜਿਹੜਾ ਘਰ ਪਾਰਕ ਵਿਚ ਅੱਜ ਖੜਾ ਹੈ ਉਹ 1755 ਮਾਰ੍ਲਬੋਰੋ ਦੇ ਤੀਸਰੇ ਡਿਯੂਕ ਨੇ ਬਣਾਇਆ ਸੀ ਜਿਸਦੇ ਦਾਦੇ ਨੇ ਬਲੈਨਹਿਮ ਦੀ ਲੜਾਈ 1704 ਵਿਚ ਜਿੱਤੀ ਸੀ।.

### ਲਾਂਸਲੌਟ 'ਕੈਪੇਬਿਲਿਟੀ' ਬਰਾਉਨ

ਚੌਥੇ ਡਿਯੂਕ ਨੇ ਇੰਗਲੈਂਡ ਦੇ ਸਭ ਤੋ ਮਸ਼ਹੂਰ ਲੈਂਡਸਕੇਪ ਡਿਜ਼ਾਈਨਰ, ਲਾਂਸਲੌਟ ਬਰਾਉਨ ਨੂੰ ਜ਼ਮੀਨ ਤੇ ਕੰਮ ਕਰਨ ਵਾਸਤੇ ਤੇ ਪਾਰਕ ਦੀ ਜ਼ਮੀਨ ਤੇ ਕੰਮ ਵਾਸਤੇ ਚੁਣਿਆ ਲਾਂਸਲੌਟਨੇ ਬਲੈਨਹਮ ਪੈਲੇਸ, ਸਟੋਅ ਅਤੇ ਹੈਮਪਟਨ ਕੋਰਟ ਪੈਲੇਸ ਤੇ ਵੀ ਕੰਮ ਕੀਤਾ ਅਤੇ ਉਸਦੀ ਲੈਂਡਸਕੇਪ ਨੂੰ ਬਦਲਣ ਦੀ ਕਾਬਲੀਅਤ ਕਰਕੇ ਉਸਨੂੰ ਛੋਟਾ ਨਾਮ 'ਕੈਪੇਬਿਲਿਟੀ' ਬਰਾਉਨ ਦਿਤਾ ਗਿਆ।



### ਅੱਜ ਪਾਰਕ

ਲੈਂਗਲੀ ਪਾਰਕ ਕਈ ਤਰ੍ਹਾਂ ਦੇ ਜੰਗਲੀ ਜਾਨਵਰਾਂ ਦੇ ਜੀਵਨ ਅਤੇ ਰਹਿਣ ਵਾਸਤੇ ਥਾਂ ਹੈ ਜਿਸ ਵਿਚ ਵੂਡਲੈਂਡ, ਹੀਥਲੈਂਡ, ਵੇਟਲੈਂਡ ਅਤੇ ਗਰਾਸਲੈਂਡ ਹਨ। ਇਹ ਥਾਂ ਆਕੇ ਅਰਾਮ ਕਰਨ ਅਤੇ ਅਨੰਦ ਮਾਣਨ ਵਾਸਤੇ ਸ਼ਾਂਤੀ ਨਾਲ ਬੈਠਣ ਦੀ ਥਾਂ ਹੈ।

ਤੁਸੀਂ ਪੁਰਾਣੇ ਜ਼ਮਾਨੇ ਦੀ ਏਸਟੇਟ ਦੇ ਕੁਝ ਹਿੱਸੇ ਹੁਣ ਵੀ ਦੇਖ ਸਕਦੇ ਹੋ ਜਿਸ ਵਿਚ ਆਰ੍ਬੋਰਟਮ, ਰੋਡੋਡੈਨਡਰ੍ਨ ਗਾਰਡਨ (ਜੋ ਮਈ/ਜੂਨ ਵਿਚ ਬੇਹਤਰੀਨ ਨਜ਼ਰ ਆਂਦਾ ਹੈ) ਅਤੇ ਦਰਖਤਾਂ ਦੇ ਸ਼ਾਨਦਾਰ ਮਾਰਗ, ਜੇਕਰ ਥੋੜਾ ਨਜ਼ਦੀਕ ਹੋ ਕੇ ਦੇਖੋ ਤਾਂ ਤੁਸੀਂ ਪਾਰ੍ਕਲੈਂਡ ਫ਼ੈਨਸਿੰਗ ਅਤੇ ਅਲੰਕਰਤ ਗੇਟ ਵੀ ਦੇਖ ਸਕਦੇ ਹੋ।



### ਰੈਸਟੋਰੇਸ਼ਨ ਪ੍ਰੋਜੈਕਟ

ਹੈਰਿਟੇਜ ਲਾਟਰੀ ਫ਼ੰਡ ਨੇ ਬਕਿੰਗਹਮਸ਼ਾਇਰ ਕਾਉਂਟੀ ਕਾਉਂਸਲ ਨੂੰ ਲੈਂਗਲੀ ਪਾਰਕ ਠੀਕ ਕਰਨ ਵਾਸਤੇ ਅਤੇ ਜ਼ਰੂਰੀ ਕੰਮ ਕਰਨ ਵਾਸਤੇ ਇਮਦਾਦ ਦੀ ਰਕਮ ਦਿਤੀ ਹੈ।

ਜੇਕਰ ਮੰਜ਼ੂਰੀ ਮਿਲ ਗਈ ਤਾਂ ਰੈਸਟੋਰੇਸ਼ਨ ਕੰਮ ਦੇ ਸ਼ੁਰੂ ਹੋਣ ਦੀ ਉਮੀਦ 2007, ਵਿਚ ਹੈ।

ਕੰਟਰੀ ਪਾਰਕ ਅਤੇ ਰੇਂਜਰ ਸਰਵਿਸ ਖਰਚ ਚਲਾਣ ਵਾਸਤੇ ਆਪਣੇ ਆਪ ਤੇ ਨਿਰਭਰ ਹਨ। ਸਾਰੀ ਆਮਦਨੀਂ ਜਿਹੜੀ ਪਾਰਕ ਵਿਚੋ ਮਿਲਦੀ ਹੈ, ਕਾਰ ਪਾਰਕਿੰਗ ਫ਼ੀਸ ਦੇ ਨਾਲ, ਸਿਥੇ ਪਾਰਕ ਦੇ ਚਲਾਣ ਵਾਸਤੇ ਖਰਚ ਕੀਤੀ ਜਾਂਦੀ ਹੈ।









ਸਾਡੇ ਰੇਂਜਰ੍ਸ ਲਗਾਤਾਰ ਪਾਰਕ ਵਿਚ ਕੰਮ ਕਰਦੇ ਹਨ ਪਰ ਤੁਹਾਡੇ ਸਵਾਲਾਂ ਦੇ ਜੁਆਬ ਦੇਣ ਅਤੇ ਤੁਹਾਡੀ ਮਦਦ ਵਾਸਤੇ ਵੀ ਹਾਜ਼ਰ ਹੁੰਦੇ ਹਨ।

### ਲੈਂਗਲੀ ਪਾਰਕ ਦੇ ਦੋਸਤ

ਜੇਕਰ ਤੁਸੀਂ ਲੈਂਗਲੀ ਪਾਰਕ ਕੰਟਰੀ ਪਾਰਕ ਦਾ ਆਨੰਦ ਮਾਣਦੇ ਹੋ ਅਤੇ ਇਸ ਗਰੇਡ II ਦੇ ਇਤਿਹਾਸਕ ਪਾਰਕਲੈਂਡ ਨੂੰ ਨਵਾਂ ਕਰਨ ਦੇ ਜੋਸ਼ੀਲੇ ਨਵੇਂ ਪ੍ਰੋਜੈਕਟ ਵਿਚ ਮਦਦ ਕਰਨੀਂ ਚਾਹੁੰਦੇ ਹੋ ਤਾਂ ਕਿਉਂ ਨਾਂਹ ਆਕੇ 'ਦ ਫ਼ਰੈਂਡ੍ਸ ਔਫ਼ ਲੈਂਗਲੀ ਪਾਰਕ' ਵਿਚ ਸ਼ਾਮਲ ਹੋਵੋ ਅਤੇ ਬਦਲਾਅ ਲਿਆਣ ਵਿਚ ਮਦਦ ਕਰੋ

ਬਕ੍ਸ ਕਾਉਂਟੀ ਦੇ ਪਾਰਕ ਦੇ, ਨਿਗਰਾਨੀਂ, ਬੈਹਲਾਵੇ ਅਤੇ ਅਗੋ ਆਣ ਵਾਲੀਆਂ ਪੁਸ਼ਤਾਂ ਵਾਸਤੇ ਬਚਾ ਕੇ ਰਖਣ ਦੇ ਬੰਦੋਬਸਤ ਕੀਤੇ ਜਾਂਦੇ ਹਨ। ਕੁਝ ਸਮਾਂ ਬਚਾ ਕੇ ਲੈਂਗਲੀ ਪਾਰਕ ਬਾਰੇ ਜਾਣੋ ਅਤੇ ਸਭ ਤੋ ਜ਼ਰੂਰੀ ਹੈ ਆਪ ਜਦੋ ਇਥੇ ਆਉ ਤਾਂ ਭਰਪੂਰ ਅਨੰਦ ਮਾਣੋ।